# माता रानिये साणु तेरी

ਮਾਤਾ ਰਾਣੀਏ, ਸਾਨੂੰ ਤੇਰੀ ਸਦਾ ਲੋੜ ਏ ॥
*ਤੈਨੂੰ ਪਤਾ, ਕੇਹੜੇ ਘਰ, ਕੇਹੜੀ ਛੈਅ ਦੀ ਥੋੜ ਏ* ॥
ਮਾਤਾ ਰਾਣੀਏ, ਸਾਨੂੰ ਤੇਰੀ,,,,,,,,,,,,,,,,,,,

ਦਇਆਵਾਨ ਹੋ ਕੇ ਤੂੰ ਮਾਂ, ਜਿਹਨਾਂ ਨੂੰ ਏ ਤੱਕਦੀ।
ਕੱਖਾਂ ਦੀ ਔਕਾਤ ਝੱਟ, ਹੋ ਜਾਂਦੀ ਏ ਲੱਖ ਦੀ ॥
*ਤੂੰ ਜਦੋਂ ਚਾਹਵੇਂ, ਸੌ ਬਣਦਾ ਕਰੋੜ ਏ* ।
ਤੈਨੂੰ ਪਤਾ, ਕੇਹੜੇ ਘਰ, ਕੇਹੜੀ ਛੈਅ ਦੀ ਥੋੜ ਏ,,,
ਮਾਤਾ ਰਾਣੀਏ, ਸਾਨੂੰ ਤੇਰੀ,,,,,,,,,,,,,,,,,,,

ਜਾਈਏ ਜੇ ਕੁਰਾਹੇ ਤੂੰਹੀਓਂ, ਰਾਹੇ ਸਾਨੂੰ ਪਾਉਂਦੀ ਏ।
ਬਣ ਕੇ ਮਲਾਹ ਬੇੜਾ, ਸਾਡਾ ਬੰਨ੍ਹੇ ਲਾਉਂਦੀ ਏ ॥
*ਟੁੱਟੀ ਡੋਰ ਆਸਾਂ ਦੀ ਨੂੰ, ਲੱਗ ਜਾਂਦਾ ਜੋੜ ਏ* ।
ਤੈਨੂੰ ਪਤਾ, ਕੇਹੜੇ ਘਰ, ਕੇਹੜੀ ਛੈਅ ਦੀ ਥੋੜ ਏ,,,
ਮਾਤਾ ਰਾਣੀਏ, ਸਾਨੂੰ ਤੇਰੀ,,,,,,,,,,,,,,,,,,,

ਤੇਰੀਆਂ ਮਾਂ ਰਹਿਮਤਾਂ ਦਾ, ਮੀਂਹ ਏ ਜਦੋਂ ਵਰ੍ਹਦਾ।
ਦੁੱਖਾਂ ਦੀਆਂ ਭੱਠੀਆਂ ਨੂੰ, ਠੰਡਾ ਓਹ ਹੈ ਕਰਦਾ ॥
*ਜ਼ਿੰਦਗੀ 'ਚ ਖੁਸ਼ੀਆਂ ਦਾ, ਆਉਂਦਾ ਨਵਾਂ ਮੋੜ ਏ* ।
ਤੈਨੂੰ ਪਤਾ, ਕੇਹੜੇ ਘਰ, ਕੇਹੜੀ ਛੈਅ ਦੀ ਥੋੜ ਏ,,,
ਮਾਤਾ ਰਾਣੀਏ, ਸਾਨੂੰ ਤੇਰੀ,,,,,,,,,,,,,,,,,,,

ਨਿਰਦੋਸ਼ ਦੁਖੀਆਂ ਨੇ, ਜਦੋਂ ਵਾਜ਼ਾਂ ਮਾਰੀਆਂ।
ਹਾਰ ਗਈਆਂ ਉਹਨਾਂ ਤੋਂ, ਮੁਸੀਬਤਾਂ ਏਹ ਸਾਰੀਆਂ ॥
*ਹਰ ਜਾਲ ਮੁਸ਼ਕਿਲਾਂ ਦਾ, ਤੂੰ ਮਾਂ ਦਿੱਤਾ ਤੋੜ ਏ* ।
ਤੈਨੂੰ ਪਤਾ, ਕੇਹੜੇ ਘਰ, ਕੇਹੜੀ ਛੈਅ ਦੀ ਥੋੜ ਏ,,,
ਮਾਤਾ ਰਾਣੀਏ, ਸਾਨੂੰ ਤੇਰੀ,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/25394/title/mata-raniye-sanu-teri

अपने Android मोबाइल पर BhajanGanga App डाउनलोड करें और भजनों का आनंद ले |